# ਕ੍ਰਿਮੀਨਲ ਕੇਸਿਜ਼ ਰਿਵਿਊ ਕਮਿਸ਼ਨ (ਸੀ ਸੀ ਆਰ ਸੀ) ਕੀ ਹੈ?

ਸੀ ਸੀ ਆਰ ਸੀ ਇੱਕ ਅਜ਼ਾਦ ਜਨਤਕ ਸੰਸਥਾ ਹੈ ਜਿਹੜੀ ਉਨ੍ਹਾਂ ਕੇਸਾਂ ਦੀ ਛਾਣਬੀਣ ਕਰਦੀ ਹੈ ਜਿਨ੍ਹਾਂ ਬਾਰੇ ਸ਼ੱਕ ਹੋਵੇ ਕਿ ਲੋਕਾਂ ਨਾਲ ਇਨਸਾਫ਼ ਨਹੀਂ ਹੋਇਆ। ਇਹ ਸੰਸਥਾ 1997 ਵਿੱਚ ਬਰਮਿੰਘਮ ਸਿਕਸ ਵਰਗੇ ਕੇਸਾਂ ਵਿੱਚ ਬੇਇਨਸਾਫ਼ੀ ਹੋਣ ਤੋਂ ਬਾਅਦ ਬੇਇਨਸਾਫ਼ੀ ਬਾਰੇ ਲੋਕਾਂ ਦੇ ਵੱਧ ਰਹੇ ਫ਼ਿਕਰਾਂ ਕਾਰਨ ਬਣਾਈ ਗਈ ਸੀ।

ਸੀ ਸੀ ਆਰ ਸੀ ਦਾ ਮੁੱਖ ਦਫ਼ਤਰ ਬਰਮਿੰਘਮ ਵਿੱਚ ਹੈ ਜਿਸ ਵਿੱਚ ਕਮਿਸ਼ਨਰਾਂ ਸਮੇਤ 100 ਤੋਂ ਵੱਧ ਲੋਕ ਕੰਮ ਕਰਦੇ ਹਨ।

## ਇਸ ਵਾਸਤੇ ਕੌਣ ਅਰਜ਼ੀ ਦੇ ਸਕਦਾ ਹੈ?

ਇੰਗਲੈਂਡ, ਵੇਲਜ਼ ਜਾਂ ਉੱਤਰੀ ਆਇਰਲੈਂਡ ਵਿੱਚ ਕਿਸੇ ਕੇਸ ਦੇ ਜੁਰਮ ਸੰਬੰਧੀ ਸਜ਼ਾ ਖਾਣ ਵਾਲਾ ਕੋਈ ਵੀ ਇਨਸਾਨ ਇਸ ਵਾਸਤੇ ਅਰਜ਼ੀ ਦੇ ਸਕਦਾ ਹੈ, ਪਰ ਇਸ ਤੋਂ ਪਹਿਲਾਂ ਉਹ ਆਮ ਅਪੀਲ ਕਰਨ ਦਾ ਤਰੀਕਾ ਵਰਤ ਚੁੱਕਾ ਹੋਵੇ। ਸਕੌਟਲੈਂਡ ਦੀ ਅਪਣੀ ਸੀ ਸੀ ਆਰ ਸੀ ਸੰਸਥਾ ਹੈ।

## ਅਸੀਂ ਕਿਸ ਦੀ ਪ੍ਰਤੀਨਿੱਧਤਾ ਕਰਦੇ ਹਾਂ?

ਅਸੀਂ ਇੱਕ ਅਜ਼ਾਦ ਸੰਸਥਾ ਹਾਂ ਅਤੇ ਅਸੀਂ ਅਦਾਲਤ, ਦੋਸ਼ੀ, ਪੁਲੀਸ, ਦੋਨਾਂ ਧਿਰਾਂ ਦੇ ਵਕੀਲਾਂ ਜਾਂ ਅਦਾਲਤੀ ਸਿਸਟਮ ਦੇ ਕਿਸੇ ਵੀ ਹਿੱਸੇ ਦੀ ਪ੍ਰਤੀਨਿੱਧਤਾ ਨਹੀਂ ਕਰਦੇ। ਇਸ ਦਾ ਮਤਲਬ ਹੈ ਕਿ ਅਸੀਂ ਅਰਜ਼ੀ ਦੇਣ ਵਾਲੇ ਦੀ ਵੀ ਪ੍ਰਤੀਨਿੱਧਤਾ ਨਹੀਂ ਕਰਦੇ।

## ਅਸੀਂ ਕੀ ਕਰਦੇ ਹਾਂ?

ਅਸੀਂ ਕੇਸਾਂ ਉੱਤੇ ਮੁੜ ਵਿਚਾਰ ਕਰਦੇ ਹਾਂ ਤਾਂਕਿ ਫ਼ੈਸਲਾ ਕੀਤਾ ਜਾ ਸਕੇ ਕਿ ਉਨ੍ਹਾਂ ਨੂੰ ਵਾਪਸ ਅਪੀਲ ਕੋਰਟ ਪਾਸ ਮੁੜ ਕੇ ਵਿਚਾਰ ਕਰਨ ਲਈ ਭੇਜਿਆ ਜਾਵੇ ਜਾਂ ਨਾ। ਸਾਡਾ ਰੋਲ ਕਿਸੇ ਵੀ ਇਨਸਾਨ ਨੂੰ ਕਸੂਰਵਾਰ ਜਾਂ ਬੇਕਸੂਰ ਠਹਿਰਾਉਣਾ ਜਾਂ ਉਸ ਬਾਰੇ ਮੁਕੱਦਮਾ ਮੁੜ ਕੇ ਚਲਾਉਣਾ ਨਹੀਂ ਹੁੰਦਾ।

## ਕੇਸ ਮੁੜ ਕੇ ਕਦੋਂ ਭੇਜੇ ਜਾਂਦੇ ਹਨ?

ਆਮ ਕਰਕੇ ਕੇਸ ਉਦੋਂ ਹੀ ਵਾਪਸ ਭੇਜੇ ਜਾਂਦੇ ਹਨ ਜਦੋਂ ਉਨ੍ਹਾਂ ਵਿੱਚ ਕੋਈ ਨਵਾਂ ਸਬੂਤ ਜਾਂ ਨੁਕਤਾ ਸਾਹਮਣੇ ਆ ਜਾਵੇ ਜਿਹੜਾ ਪਹਿਲੀ ਸੁਣਵਾਈ ਵਿੱਚ ਜਾਂ ਅਪੀਲ ਵਿੱਚ ਨਾ ਵਿਚਾਰਿਆ ਗਿਆ ਹੋਵੇ ਅਤੇ ਜਿਸ ਕਾਰਨ ਦਿੱਤੀ ਗਈ ਸਜ਼ਾ ਜਾਇਜ਼ ਹੋਣ ਉੱਤੇ ਸ਼ੱਕ ਹੋਵੇ ਜਾਂ ਲਾਏ ਦੋਸ਼ ਨਿਰਪੱਖ ਨਾ ਲੱਗਣ। ਅਸੀਂ ਕੇਸ ਉਸ ਹਾਲਤ ਵਿੱਚ ਹੀ ਵਾਪਸ ਭੇਜਦੇ ਹਾਂ ਜਿਸ ਵਿੱਚ ਸਾਨੂੰ ਯਕੀਨ ਹੋਵੇ ਕਿ ਅਪੀਲ ਕੋਰਟ ਅਪਣੇ ਪਹਿਲੇ ਫ਼ੈਸਲੇ ਨੂੰ ਬਦਲ ਦੇਵੇਗੀ।

ਤਕਰੀਬਨ ਹਰ 25 ਕੇਸਾਂ ਵਿੱਚੋਂ ਇੱਕ ਅਪੀਲ ਕੋਰਟ ਨੂੰ ਭੇਜਿਆ ਜਾਂਦਾ ਹੈ। ਜੇ ਕੋਈ ਕੇਸ ਵਾਪਸ ਭੇਜਿਆ ਜਾਵੇ ਤਾਂ ਉਸ ਦੀ ਆਉਣ ਵਾਲੇ ਸਮੇਂ ਵਿੱਚ ਸੁਣਵਾਈ ਹੋਣ ਲਈ ਤਰੀਕ ਦਿੱਤੀ ਜਾਂਦੀ ਹੈ ਤਾਂਕਿ ਉਦੋਂ ਤੱਕ ਅਪੀਲ ਕੋਰਟ ਇਹ ਫ਼ੈਸਲਾ ਕਰ ਸਕੇ ਕਿ ਲਾਏ ਗਏ ਦੋਸ਼ ਵਿੱਚ ਕੱਚਿਆਈ ਹੈ ਜਾਂ ਦਿੱਤੀ ਗਈ ਸਜ਼ਾ ਨਜਾਇਜ਼ ਹੈ।

## ਅਸੀਂ ਕੇਸ ਉੱਤੇ ਮੁੜ ਵਿਚਾਰ (ਰਿਵਿਊ) ਕਿਵੇਂ ਸ਼ੁਰੂ ਕਰਦੇ ਹਾਂ?

ਅਸੀਂ ਅਪਣੇ ਖ਼ਾਸ ਅਧਿਕਾਰਾਂ ਦੀ ਵਰਤੋਂ ਕਰਕੇ ਸਰਕਾਰੀ ਸੰਸਥਾਵਾਂ, ਜਿਵੇਂ ਕਿ ਪੁਲੀਸ ਜਾਂ ਸਿਹਤ ਮਹਿਕਮੇ ਪਾਸੋਂ ਉਨ੍ਹਾਂ ਕੋਲ ਕੇਸ ਬਾਰੇ ਰੱਖੀ ਗਈ ਸਾਰੀ ਜ਼ਰੂਰੀ ਜਾਣਕਾਰੀ ਲੈਂਦੇ ਹਾਂ।

ਉਸ ਤੋਂ ਬਾਅਦ ਕੇਸ ਦੀਆਂ ਗੁੰਝਲਾਂ ਬਾਰੇ ਜਾਇਜ਼ਾ ਲਿਆ ਜਾਂਦਾ ਹੈ। ਜਿਹੜੇ ਕੇਸ ਜਲਦੀ ਨਜਿੱਠੇ ਜਾ ਸਕਦੇ ਹੋਣ, ਉਨ੍ਹਾਂ ਨੂੰ ਕਿਸੇ ਕੇਸ ਵਰਕਰ ਦੇ ਹਵਾਲੇ ਕਰਨ ਲਈ ਇੱਕ ਉਡੀਕ ਸੂਚੀ ਵਿੱਚ ਪਾ ਦਿੱਤਾ ਜਾਂਦਾ ਹੈ। ਬਹੁਤੇ ਗੁੰਝਲਦਾਰ ਕੇਸਾਂ ਨੂੰ ਕਿਸੇ ਪਾਸ ਸਪੁਰਦ ਕਰਨ ਲਈ ਇੱਕ ਵੱਖਰੀ ਉਡੀਕ ਸੂਚੀ ਵਿੱਚ ਪਾਇਆ ਜਾਂਦਾ ਹੈ। ਉਨ੍ਹਾਂ ਕੇਸਾਂ ਨੂੰ ਪਹਿਲ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚ ਲੋਕ

ਹਿਰਾਸਤ ਵਿੱਚ ਰੱਖੇ ਗਏ ਹੋਣ ਜਾਂ ਉਨ੍ਹਾਂ ਦੀਆਂ ਕੋਈ ਖ਼ਾਸ ਹਾਲਤਾਂ ਹੋਣ।

## ਰਿਵਿਊ ਕਰਨ ਵਾਸਤੇ ਕਿੰਨੀ ਦੇਰ ਲੱਗਦੀ ਹੈ?

ਕੇਸਾਂ ਦੇ ਕਿਸੇ ਪਾਸ ਸਪੁਰਦ ਕਰਨ ਤੋਂ ਬਾਅਦ ਇਨ੍ਹਾਂ ਦੇ ਰਿਵਿਊ ਕਰਨ ਵਿੱਚ ਕਾਫ਼ੀ ਸਮਾਂ ਖ਼ਰਚ ਆ ਸਕਦਾ ਹੈ। ਗੁੰਝਲਦਾਰ ਕੇਸਾਂ ਨੂੰ ਨਜਿੱਠਣ ਲਈ ਕਈ ਮਹੀਨੇ, ਅਤੇ ਕਈ ਵਾਰੀ ਕਈ ਸਾਲ ਵੀ ਲੱਗ ਸਕਦੇ ਹਨ। ਸਾਡੀ ਪਹਿਲ ਹਰ ਕੇਸ ਨੂੰ ਹਰ ਤਰ੍ਹਾਂ ਨਾਲ ਘੋਖਣ ਦੀ ਹੁੰਦੀ ਹੈ। ਇਸ ਕੰਮ ਲਈ ਜਿੱਥੇ ਵੀ ਲੋੜ ਹੋਵੇ, ਅਸੀਂ ਟੈੱਸਟ ਕਰਾਉਣ ਲਈ ਜਾਂ ਹੋਰ ਮਾਹਿਰਾਂ ਦੇ ਵਿਚਾਰ ਹਾਸਲ ਕਰਨ ਦਾ ਪ੍ਰਬੰਧ ਕਰ ਸਕਦੇ ਹਾਂ। ਕਈ ਵਾਰੀ ਸਾਨੂੰ ਕੇਸਾਂ ਨਾਲ ਸੰਬੰਧਤ ਗਵਾਹਾਂ ਅਤੇ ਬਾਕੀ ਲੋਕਾਂ ਨਾਲ ਇੰਟਰਵਿਊ ਕਰਨ ਦੀ ਵੀ ਲੋੜ ਪੈ ਸਕਦੀ ਹੈ।

ਕਿਸੇ ਗੁੰਝਲਦਾਰ ਜਾਂ ਸੰਗੀਨ ਕੇਸ ਦੇ ਕੁੱਝ ਮਸਲਿਆਂ ਬਾਰੇ ਅਸੀਂ ਪੁਲੀਸ ਵਰਗੀਆਂ ਸੰਸਥਾਵਾਂ ਨੂੰ ਹੋਰ ਛਾਣਬੀਣ ਕਰਨ ਲਈ ਵੀ ਕਹਿ ਸਕਦੇ ਹਾਂ।

## ਅਸੀਂ ਅਰਜ਼ੀਕਾਰਾਂ ਨਾਲ ਕਿਵੇਂ ਵਰਤਾਓ ਕਰਦੇ ਹਾਂ?

ਸੀ ਸੀ ਆਰ ਸੀ ਕੋਲ ਹਰ ਸਾਲ ਤਕਰੀਬਨ 900 ਅਰਜ਼ੀਆਂ ਆਉਂਦੀਆਂ ਹਨ। ਅਸੀਂ ਅਰਜ਼ੀਕਾਰਾਂ ਨੂੰ ਕਿਸੇ ਕਾਨੂੰਨੀ ਸਲਾਹਕਾਰ ਰੱਖਣ ਦੀ ਸਲਾਹ ਦਿੰਦੇ ਹਾਂ, ਪਰ ਅਰਜ਼ੀ ਦੇਣ ਵਾਸਤੇ ਉਨ੍ਹਾਂ ਨੂੰ ਕਿਸੇ ਵਕੀਲ ਦੀ ਸਹਾਇਤਾ ਦੀ ਲੋੜ ਨਹੀਂ ਹੁੰਦੀ। ਆਮ ਤੌਰ 'ਤੇ ਅਰਜ਼ੀਕਾਰਾਂ ਨੂੰ ਕੇਸ ਬਾਰੇ ਲੀਗਲ ਏਡ (ਸਰਕਾਰ ਵਲੋਂ ਖ਼ਰਚ) ਮਿਲ ਸਕਦੀ ਹੈ। ਸੀ ਸੀ ਆਰ ਸੀ ਕੋਲ ਅਰਜ਼ੀ ਮੁਫ਼ਤ ਦਿੱਤੀ ਜਾ ਸਕਦੀ ਹੈ, ਅਤੇ ਅਸੀਂ ਕਿਸੇ ਵੀ ਉਸ ਟੈੱਸਟ ਕਰਾਉਣ ਜਾਂ ਰਿਪੋਰਟ ਹਾਸਲ ਕਰਨ ਦਾ ਖ਼ਰਚ ਆਪ ਦੇਵਾਂਗੇ ਜਿਸ ਨੂੰ ਅਸੀਂ ਜ਼ਰੂਰੀ ਸਮਝੀਏ। ਸਾਡੇ ਲਈ ਅਰਜ਼ੀਕਾਰਾਂ ਨੂੰ ਆਪ ਮਿਲਣਾ ਜ਼ਰੂਰੀ ਹੁੰਦਾ ਹੈ।

## ਕੀ ਅਰਜ਼ੀਕਾਰਾਂ ਨੂੰ ਉਨ੍ਹਾਂ ਦੇ ਕੇਸ ਬਾਰੇ ਰਿਵਿਊ ਦੀ ਪ੍ਰਗਤੀ ਦੀ ਖ਼ਬਰ ਦਿੱਤੀ ਜਾਂਦੀ ਹੈ?

ਅਸੀਂ ਸਦਾ ਹੀ ਵੱਧ ਤੋਂ ਵੱਧ ਖੁੱਲ੍ਹ ਕੇ ਗੱਲ ਕਰਦੇ ਹਾਂ, ਪਰ ਕਈ ਵਾਰੀ ਕੁੱਝ ਜਾਣਕਾਰੀ ਗੁਪਤ ਰੱਖਣੀ ਵੀ ਜ਼ਰੂਰੀ ਹੁੰਦੀ ਹੈ। ਪਰ ਅਰਜ਼ੀਕਾਰਾਂ ਨੂੰ ਸਾਰੀ ਗੱਲ ਸਮਝਾਉਣ ਦੀ ਅਸੀਂ ਪੂਰੀ ਕੋਸ਼ਿਸ਼ ਕਰਦੇ ਹਾਂ, ਅਤੇ ਇਹ ਤਰੀਕਾ ਕਈ ਵਾਰੀ ਕਾਫ਼ੀ ਗੁੰਝਲਦਾਰ ਵੀ ਹੋ ਸਕਦਾ ਹੈ।

ਜੇ ਕਦੀ ਕਿਸੇ ਅਰਜ਼ੀਕਾਰ ਦਾ ਕੇਸ ਅੱਗੇ ਨਾ ਭੇਜਿਆ ਜਾਵੇ ਤਾਂ ਕਈ ਵਾਰੀ ਉਹ ਦੁਖੀ ਵੀ ਹੁੰਦੇ ਹਨ, ਪਰ ਅਸੀਂ ਚਾਹੁੰਦੇ ਹਾਂ ਕਿ ਉਹ ਫ਼ੇਰ ਵੀ ਸਾਡੇ ਸਟਾਫ਼ ਨਾਲ ਹਮੇਸ਼ਾ ਹਲੀਮੀ ਨਾਲ ਪੇਸ਼ ਆਉਣ। ਕਿਸੇ ਵੀ ਸ਼ਿਕਾਇਤ ਨੂੰ ਨਜਿੱਠਣ ਵਾਸਤੇ ਸਾਡੇ ਕੋਲ ਇੱਕ ਖ਼ਾਸ ਤਰੀਕਾ ਮੌਜੂਦ ਹੈ।

## ਬਾਕੀ ਜਾਣਕਾਰੀ

ਸੀ ਸੀ ਆਰ ਸੀ ਕ੍ਰਿਮੀਨਲ ਅਪੀਲਜ਼ ਐਕਟ 1995 ਰਾਹੀਂ ਸਥਾਪਤ ਕੀਤੀ ਗਈ ਸੀ। ਇਸ ਐਕਟ ਵਿੱਚ ਸੀ ਸੀ ਆਰ ਸੀ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਮਿਥਿਆ ਗਿਆ ਹੈ।

ਕੋਰਟ ਔਫ ਅਪੀਲ ਅਪਣੇ ਕੋਲ ਸਿੱਧੇ ਆਏ ਕੇਸਾਂ ਦੀ ਛਾਣਬੀਣ ਲਈ ਸੀ ਸੀ ਆਰ ਸੀ ਨੂੰ ਕਹਿ ਸਕਦੀ ਹੈ, ਜਾਂ ਸੀ ਸੀ ਆਰ ਸੀ ਵਲੋਂ ਇਸ ਕੋਲ ਭੇਜੇ ਕੇਸਾਂ ਦੇ ਕੁੱਝ ਖ਼ਾਸ ਪੱਖਾਂ ਬਾਰੇ ਹੋਰ ਜਾਣਕਾਰੀ ਬਾਰੇ ਪਤਾ ਕਰਨ ਲਈ ਵੀ ਕਹਿ ਸਕਦੀ ਹੈ।

ਇਨਸਾਫ਼ ਸਿਸਟਮ ਦੀ ਤਰੱਕੀ ਬਾਰੇ ਦੱਸਣ ਅਤੇ ਲੋਕਾਂ ਵਿੱਚ ਇਸ ਸਿਸਟਮ ਦਾ ਵਿਸ਼ਵਾਸ ਵਧਾਉਣ ਵਿੱਚ ਵੀ ਸੀ ਸੀ ਆਰ ਸੀ ਦੀ ਵੀ ਹੋਰ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਸੀ ਸੀ ਆਰ ਸੀ ਪਾਸ ਕਿਸੇ ਨੂੰ ਮੁਆਫ਼ ਕਰਨ ਲਈ ਸਿਫ਼ਾਰਸ਼ ਕਰਨ ਦਾ ਵੀ ਅਧਿਕਾਰ ਹਾਸਲ ਹੈ ਭਾਵੇਂ ਇਸ ਨੂੰ ਬਹੁਤ ਘੱਟ ਵਰਤਿਆ ਜਾਂਦਾ ਹੈ।

ਸੀ ਸੀ ਆਰ ਸੀ ਬਾਰੇ ਹੋਰ ਜਾਣਕਾਰੀ, ਕੇਸਾਂ ਬਾਰੇ ਅੰਕੜੇ ਅਤੇ ਵਕੀਲਾਂ ਤੱਕ ਸੰਪਰਕ ਕਰਨ ਦੇ ਵੇਰਵੇ ਸਾਡੀ ਵੈੱਬਸਾਈਟ www.ccrc.gov.uk ਉੱਤੇ ਮੌਜੂਦ ਹਨ।